ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਕੈਸ਼:3/08/3143. ਮਿਤੀ 6-6-08

ਅੱਜ ਮਿਤੀ ੨੩ ਜੇਠ ਸੰਮਤ ਨਾਨਕਸ਼ਾਹੀ ੫੪੦ (੦੬ ਜੂਨ ੨੦੦੮) ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਵਿਚ ਪ੍ਰਵਾਨ ਕੀਤਾ ਗਿਆ

## ਗੁਰਮਤਾ - ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ **"ਗੁਰੂ ਗਰੰਥ-ਗੁਰੂ ਪੰਥ"** ਦੇ ਸਿਧਾਂਤ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਦਾ ਸੁਨਹਿਰੀ ਮੌਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ **"ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਉ ਗ੍ਰੰਥ"** 'ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵ੍ਰਤੀ ਲਈ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾ ਰਚਨਾਵਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀ ਕੀਤਾ ਜਾ ਸਕਦਾ।

ਜੋਗਿੰਦਰ ਸਿੰਘ

(ਜੋਗਿੰਦਰ ਸਿੰਘ)

ਜਥੇਦਾਰ

ਫ਼ੋਨ/ਫੈਕਸ ਦਫ਼ਤਰ : 91-183-2540820, ਪੀ.ਬੀ.ਐਕਸ : 91-183-2553957, 58, 59 ਐਕਸਟੈਨਸ਼ਨ : ਦਫ਼ਤਰ 434

ੴ ੧ੳ ਵਾਹਿਗੁਰੂ ਜੀ ਕੀ ਫ਼ਤਹ॥ ੴ


# ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਜਥੇਦਾਰ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)
ਫੋਨ : 01887-232100
ਫੈਕਸ : 01887-232523
ਮੋਬਾਇਲ : 94175-42974
email : singhsahibgianimalsingh@gmail.com

ਪੰਥ ਪ੍ਰਗਟ ਖੰਡਧਾਰ ਹੋਇ ਜਨਮ ਸਥੋਲ॥

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)
TAKHAT SRI KESGARH SAHIB
SRI ANANDPUR SAHIB (ROPAR)


ਨੰਬਰ............

ਮਿਤੀ 29-7-16

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ,**
2 ਫਲੋਰ, ਵਿਸਮਾ ਤੱਤ ਖਾਲਸਾ, ਨੰ. 24, ਜਲਨ ਰਾਜਾ ਅਲਾਂਙ,
50480, ਕੁਆਲਾਲੰਪੁਰ, ਮਲੇਸ਼ੀਆ।

**ਸਤਿਕਾਰਯੋਗ ਪ੍ਰਬੰਧਕ ਸਾਹਿਬਾਨ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰੂ ਸਾਹਿਬਾਨ ਜੀ ਦੀਆਂ ਮਹਾਨ ਬਖਸ਼ਿਸ਼ਾਂ ਸਦਕਾ ਸਾਨੂੰ ਬੜਾ ਮਾਣ ਹੈ ਕਿ ਸਿੱਖ ਕੌਮ ਪਾਸ ਗੁਰੂ ਸਾਹਿਬਾਨਾਂ ਵੱਲੋਂ ਉਚਾਰਨ ਕੀਤੀ ਬਾਣੀ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਡੇ ਕੋਲ ਮੌਜੂਦ ਹੈ। ਦਸਮ ਗ੍ਰੰਥ ਸਾਹਿਬ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਹ ਬਾਣੀ ਗੁਰੂ ਸਾਹਿਬ ਜੀ ਨੇ ਆਪਣੇ ਗੁਰੂ ਕਾਲ ਸਮੇਂ ਹੀ ਸੰਪੂਰਨ ਕੀਤੀ ਹੈ।

**ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ** ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਪੰਜ ਬਾਣੀਆਂ ਉਚਾਰਣ ਕਰਕੇ ਅੰਮ੍ਰਿਤ ਦੀ ਦਾਤ ਬਖਸ਼ਿਸ ਕੀਤੀ :

**ਜਪੁਜੀ ਔ ਜਾਪੁ ਜੀ ਕਉ ਦਸਹੁ ਸਵੱਯੇ ਪੁਨ ਚੌਪਈ ਅਲਾਇ ਕੈ॥**
**ਅਨੰਦ ਉਚਾਰ ਅਰਦਾਸ ਕਰਕੈ ਸੁਧਾਰ ਅੰਮ੍ਰਿਤ ਤਿਆਰ ਗੁਰ ਐਸ ਬਿਧ ਕੀਨੋ ਹੈ।**

ਇਸ ਤਰ੍ਹਾਂ ਅੰਮ੍ਰਿਤ ਤਿਆਰ ਕਰਨ ਸਮੇਂ ਪੰਜ ਬਾਣੀਆਂ ਜਪੁਜੀ ਸਾਹਿਬ, ਆਨੰਦ ਸਾਹਿਬ ਸੰਪੂਰਨ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਹਨ ਅਤੇ ਜਾਪੁ ਜੀ, ਸਵੱਯੇ, ਚੌਪਈ ਸਾਹਿਬ ਅਤੇ ਅਰਦਾਸ ਇਹ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਹਨ। ਇਸ ਤਰ੍ਹਾਂ ਖਾਲਸਾ ਜੀ ਗੁਰੂ ਸਾਹਿਬ ਜੀ ਨੇ ਖਾਲਸੇ ਦੀ ਸਾਜਨਾ ਅੰਮ੍ਰਿਤ ਵਿੱਚੋਂ ਕੀਤੀ। ਅੰਮ੍ਰਿਤ ਇਨ੍ਹਾਂ ਪਵਿੱਤਰ ਬਾਣੀਆਂ ਨਾਲ ਤਿਆਰ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਖਾਲਸਾ ਪੰਥ ਦੇ ਸਿਰਮੌਰ ਹਨ। ਇਸ ਲਈ ਜਿੱਥੇ ਖਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਦਾ ਕਥਾ ਕੀਰਤਨ ਕਰਦਾ ਹੈ, ਉੱਥੇ ਨਾਲ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਵੱਖ ਵੱਖ ਹੋਰ ਬਾਣੀਆਂ ਦਾ ਕੀਰਤਨ ਅਤੇ ਕਥਾ ਕਰਨ ਦੀ ਵੀ ਲੋੜ ਹੈ।

ਗੁਰੂ ਪੰਥ ਦਾ ਦਾਸ,

(ਸਿੰਘ ਸਾਹਿਬ ਗਿਆਨੀ ਮੱਲ ਸਿੰਘ),
**ਜਥੇਦਾਰ,**
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

File Guru ji Hak Umsha 10 - 186

੧ੴ ਸਤਿਗੁਰ ਪ੍ਰਸਾਦਿ ।

।। ਅਕਾਲ ਸਹਾਇ ।। ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ।।

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ।। ਪਟਨਾ ਗੁਰੂ ਕਾ ਘਰ ਹੈ ।। (ਹੁਕਮਨਾਮਾ ਪਾ : ੯)

# ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

## TAKHAT SRI HARIMANDIR JI, PATNA SAHIB

ਪਟਨਾ - ੮੦੦ ੦੦੮, ਬਿਹਾਰ (ਭਾਰਤ) Patna - 800 008, Bihar (India)

ਮੋਬਾਇਲ 9334317774, ਦਫ਼ਤਰ : 0612-2641821 ਫੈਕਸ : 0612-2643814

ਮਤਾ ਨੰ: ਤਪਸ/GTS/M/2016/25 ਹੁਕਮ ਨਾਮਾ

ਮਿਤੀ 22-07-2016

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ,
2 ਫਲੋਰ, ਵਿਸਮਾ ਤੱਤ ਖਾਲਸਾ,
ਨੰ: 24, ਜਲਨ ਰਾਜਾ ਅਲਾਂਙ,
50480, ਕੁਆਲਾਲੰਪੁਰ,
ਮਲੇਸ਼ੀਆ ।

ਮਾਨਯੋਗ ਪ੍ਰਬੰਧਕ ਸਾਹਿਬਾਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ।।

**ਵਿਸ਼ਾ : ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਥਾ ਤੇ ਕੀਰਤਨ ਬਾਰੇ ।**

ਗੁਰੂ ਸਾਹਿਬ ਜੀ ਦੀ ਮਹਾਨ ਬਖਸ਼ਿਸ਼ ਸਦਕਾ ਸਾਨੂੰ ਬੜਾ ਮਾਣ ਹੈ ਕਿ ਸਿੱਖ ਕੌਮ ਕੋਲ ਖੁਦ ਗੁਰੂ ਸਾਹਿਬਾਨਾਂ ਵੱਲੋਂ ਉਚਾਰਨ ਕੀਤੀ ਬਾਣੀ ਮੌਜੂਦ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਡੇ ਕੋਲ ਮੌਜੂਦ ਹੈ ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ । ਇਹ ਬਾਣੀ ਗੁਰੂ ਸਾਹਿਬ ਜੀ ਨੇ ਆਪਣੇ ਗੁਰੂ ਕਾਲ ਸਮੇਂ ਹੀ ਸੰਪੂਰਨ ਕੀਤੀ ਹੈ । ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਪੰਥ ਪ੍ਰਵਾਣਿਤ ਹੈ । ਸਿਖ ਰਹਿਤ ਮਰਿਯਾਦਾ ਅਨੁਸਾਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੀਰਤਨ ਤੇ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਤੀ ਜਾ ਸਕੱਦੀ ਹੈ । ਪੁਰਾਤਨ ਸਮੇਂ ਤੋਂ ਹੀ ਇਸ ਦਾ ਕੀਰਤਨ ਤੇ ਕਥਾ ਗੁਰੂ ਘਰਾਂ ਵਿੱਚ ਹੁੰਦੀ ਆਈ ਹੈ ਅਤੇ ਅੱਜ ਵੀ ਪੰਜਾਂ ਤਖਤਾਂ ਅਤੇ ਹੋਰ ਗੁਰੂ ਘਰਾਂ ਵਿੱਚ ਇਸ ਦਾ ਕੀਰਤਨ ਤੇ ਕਥਾ ਹੋ ਰਹੀ ਹੈ ।

ਜਦੋਂ ਤੋਂ ਇਸ ਬਾਣੀ ਨੂੰ ਇਕੱਠਾ ਕਰਕੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਰੂਪ ਦਿੱਤਾ ਗਿਆ ਹੈ, ਉਸ ਸਮੇਂ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਇਸ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ । ਇਹ ਸਾਰੇ ਪੰਥ ਦਾ ਫੈਸਲਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕਥਾ ਕੀਰਤਨ ਗੁਰੂ ਘਰਾਂ ਵਿਖੇ ਹੋ ਸਕੱਦਾ ਹੈ । ਕਿਸੇ ਵੀ ਸੰਸਥਾਂ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਕਿੰਤੂ ਪ੍ਰੰਤੂ ਕਰਨ ਦਾ ਕੋਈ ਅਧਿਕਾਰ ਨਹੀ । ਇਹ ਸਾਰੇ ਪੰਥ ਦਾ ਫੈਸਲਾ ਹੈ ਕਿਸੇ ਇਕ ਦਾ ਨਹੀਂ ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)
ਹੈਡ ਗ੍ਰੰਥੀ

(ਇਕਬਾਲ ਸਿੰਘ ਖਾਲਸਾ)
ਜਥੇਦਾਰ

(ਬਲਦੇਵ ਸਿੰਘ)
ਸੀ: ਮੀਤ ਗ੍ਰੰਥੀ

(ਦਲੀਪ ਸਿੰਘ)
ਮੀਤ ਗ੍ਰੰਥੀ

(ਗੁਰਦਿਆਲ ਸਿੰਘ)
ਗ੍ਰੰਥੀ

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ-੪੩੧੬੦੧ (ਮਹਾਰਾਸ਼ਟਰ)-ਭਾਰਤ

Takhat Sachkhand Sri Hazur Abchalnagar Sahib, Nanded-431601 (Maharashtra) -India

Ph. No. 02462-234813,241266,244166,243559, Fax No. 02462-234812
E-Mail-Contact@hazursahib.com Visit us at : http:www.hazursahib.com.

No. 2238/16-17 Date. 27/7/16

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ,
2 ਫਲੋਰ, ਵਿਸਮਾ ਤੱਤ ਖਾਲਸਾ,
ਨੰ:24, ਜਲਨ ਰਾਜਾ ਅਲਾਂਗ,
50480 ਕੁਆਲਾਲੰਪੁਰ
ਮਲੇਸ਼ੀਆ
ਮਾਨਯੋਗ ਸਮੂੰਹ ਪ੍ਰਬੰਧਕ ਸਾਹਿਬਾਂਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

ਪ੍ਰਯੋਜਨ:-*ਸ੍ਰੀ ਦਸ਼ਮਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੀਰਤਨ ਅਤੇ ਕਥਾ ਬਾਰੇ।*

ਸਿੱਖ ਧਰਮ ਵਿਚ ਚਲੀ ਆ ਰਹੀ ਪੁਰਾਤਨ ਰਵਾਇਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ੍ਰੀ ਦਸ਼ਮਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੀਰਤਨ ਤੇ ਕਥਾ ਹੋ ਸਕਦੀ ਹੈ । ਸ੍ਰੀ ਦਸ਼ਮਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ, ਅਤੇ ਪੁਰਾਤਨ ਸਮੇਂ ਤੋਂ ਹੀ ਇਸ ਬਾਣੀ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਅਤੇ ਸਮੂੰਹ ਤਖ਼ਤਾਂ ਤੇ ਅਤੇ ਹੋਰ ਵੀ ਕਈ ਇਤਹਾਸਿਕ ਗੁਰੂ ਧਾਮਾਂ ਵਿਚ ਹੁੰਦਾ ਆ ਰਿਹਾ ਹੈ । ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ੍ਰੀ ਦਸ਼ਮਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਇਸ ਬਾਣੀ ਦੀ ਕਥਾ ਵੀ ਹੁੰਦੀ ਹੈ ।

ਕਿਸੇ ਵਿਅਕਤੀ ਜਾਂ ਸੰਸਥਾਂ ਦੁਆਰਾ ਇਸਦਾ ਵਿਰੋਧ ਕਰਨਾ ਨਿਰਰਥਕ ਹੈ । ਸ੍ਰੀ ਦਸ਼ਮਗ੍ਰੰਥ ਦੀ ਬਾਣੀ ਦਾਂ ਕੀਰਤਨ ਤੇ ਕਥਾ ਕਰਨਾ ਪੰਥ ਪ੍ਰਵਾਣਿਤ ਹੈ । ਸਮੂੰਹ ਸੰਗਤ ਨੂੰ ਵਿਦਿਤ ਹੋਵੇ ।

ਗੁਰੂ ਪੰਥ ਦੇ ਦਾਸ,

ਕੁਲਵੰਤ ਸਿੰਘ
ਜੱਥੇਦਾਰ,

ਜੋਤਿੰਦਰ ਸਿੰਘ,
ਮੀਤ ਜੱਥੇਦਾਰ,

ਕਸ਼ਮੀਰ ਸਿੰਘ
ਕਾ.ਹੈਡ ਗ੍ਰੰਥੀ,

ਗਿ:ਅਵਤਾਰ ਸਿੰਘ,
ਕਾ.ਮੀਤ ਗ੍ਰੰਥੀ,

ਰਾਮ ਸਿੰਘ,
ਧੁਪੀਆ

JK Sikhs F-Punj.-Meet-2016-7

# ਸ੍ਰੀ ਅਕਾਲ ਪੁਰਖ ਜੀ ਸਹਾਇ

# ਤਖ਼ਤ ਸ੍ਰੀ ਦਮਦਮਾ ਸਾਹਿਬ ਜੀ

ਜਥੇਦਾਰ,
ਸਿੰਘ ਸਾਹਿਬ ਭਾਈ ਗੁਰਮੁਖ ਸਿੰਘ ਜੀ



Jathedar
Singh Sahib Bhai Gurmukh Singh Ji

ਨੰ. ਸਪੈਸ਼ਲ

ਤਾਰੀਖ਼ ੨੧ ਸਾਵਣ ੫੪੮
(05-08-2016)

ਵੱਲ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ,
੨,ਫਲੋਰ, ਵਿਸਮਾ ਤੱਤ ਖਾਲਸਾ, ਨੰ.੨੪, ਜਲਨ ਰਾਜਾ ਅਲਾਂਙ
੫੦੪੮੦,ਕੁਆਲਾਲੰਪੁਰ, ਮਲੇਸ਼ੀਆ।

ਸਤਿਕਾਰਯੋਗ ਪ੍ਰਬੰਧਕ ਸਾਹਿਬਾਨ ਜੀਉ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।।

ਆਪ ਜੀ ਵਲੋਂ ਮਿਲੀ ਪਤ੍ਰਕਾ ਅਨੁਸਾਰ ਜਾਣਕਾਰੀ ਪ੍ਰਾਪਤ ਹੋਈ ਹੈ ਕਿ "ਮਲੇਸ਼ੀਅਨ ਗੁਰਦੁਆਰਾ ਕੌਂਸਲ" ਨਾਮ-ਨਿਹਾਦ ਧੜੇਬੰਦੀ ਵਲੋਂ, ਦਸ਼ਮੇਸ਼ ਪਿਤਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਉਚਾਰਨ ਕੀਤੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਬਹੁਤ ਨਿੰਦਾ ਕੀਤੀ ਜਾ ਰਹੀ ਹੈ।

ਪਾਵਨ ਬਾਣੀ ਦੀ ਨਿੰਦਾ, ਦਸ਼ਮੇਸ਼ ਪਿਤਾ ਜੀ ਦੀ ਨਿੰਦਾ ਹੈ, ਏ ਪਹਿਲਾਂ ਤੋਂ ਹੀ ਨਿੰਦਕ ਲੋਕ ਕਰਦੇ ਆਏ ਹਨ। ਕੋਈ ਰੀਸ ਕਰਦੇ ਰਹੇ ਬਾਣੀ ਉਚਾਰਨ ਕਰਨ ਵਿਚ ਅਤੇ ਕੋਈ ਨਿੰਦਾ ਕਰਦੇ ਰਹੇ।

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।।

ਇਨ੍ਹਾਂ ਨਿੰਦਕ ਲੋਕਾਂ ਦੀ ਬਿਨਾ ਪਰਵਾਹ ਕੀਤੇ ਦਸ਼ਮੇਸ਼ ਜੀ ਵਲੋਂ ਉਚਾਰਨ ਕੀਤੀ ਬਾਣੀ ਦਾ ਪਾਠ, ਕਥਾ ਅਤੇ ਕੀਰਤਨ ਦੇ ਪ੍ਰਵਾਹ ਚੜ੍ਹਦੀ ਕਲਾ ਸਹਿਤ ਚਲਾਏ ਜਾਣ ਦਾ ਆਪ ਜੀ ਨੂੰ ਆਦੇਸ਼ ਕੀਤਾ ਜਾਂਦਾ ਹੈ।

ਖਾਲਸਾ ਪੰਥ ਦੇ ਕੇਂਦਰੀ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਖਾਲਸਾਈ ਆਨ-ਸ਼ਾਨ ਦੇ ਰਖਵਾਲੇ "ਪੰਜ ਤਖ਼ਤ ਸਾਹਿਬਾਨ" ਵਿਖੇ ਵੀ ਦਸ਼ਮੇਸ਼ ਜੀ ਦੀ ਪਾਵਨ ਗੁਰਬਾਣੀ ਦੇ ਪਾਠ ਅਤੇ ਕੀਰਤਨ ਹੁੰਦੇ ਹਨ ਅਤੇ ਸਦਾ ਹੁੰਦੇ ਰਹਿਣਗੇ।

ਜੇ ਕੋਈ "ਮਲੇਛ ਕੌਂਸਲ" ਦਸ਼ਮੇਸ਼ ਜੀ ਦੀ ਨਿੰਦਾ ਕਰਦੀ ਹੈ ਤਾਂ ਇਸ ਦਾ ਖ਼ਾਲਸਾ ਪੰਥ ਉਪਰ ਕੋਈ ਵੀ ਅਸਰ ਨਹੀਂ ਪਏਗਾ

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ।।
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ।।

ਏ ਗੁਰਬਾਣੀ ਆਦੇਸ਼ ਨਿੰਦਕਾਂ ਉਪਰ ਲਾਗੂ ਹੋਏਗਾ।

ਗੁਰਬਾਣੀ ਸਾਡਾ ਗੁਰੂ ਹੈ, ਸ਼ਰਧਾ ਰੱਖਣੀ, ਸਤਿਗੁਰੂ ਜੀ ਸਾਡੇ ਲੋਕ-ਪ੍ਰਲੋਕ ਵਿਚ ਰਖਵਾਲੇ ਹਨ ਜੋ ਮੰਨੇਗਾ ਸੋ ਨਿਹਾਲ ਹੋਏਗਾ।

ਗੁਰੂ ਪੰਥ ਦਾ ਦਾਸ
ਗੁਰਮੁਖ ਸਿੰਘ
(ਸਿੰਘ ਸਾਹਿਬ ਭਾਈ ਗੁਰਮੁਖ ਸਿੰਘ ਜੀ)

ਹੈਡ ਗ੍ਰੰਥੀ
ਸ੍ਰੀ ਅਕਾਲ ਤਖ਼ਤ ਸਾਹਿਬ ਜੀ
ਸ੍ਰੀ ਅੰਮ੍ਰਿਤਸਰ ਸਾਹਿਬ ਜੀ।

ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ ਜੀ
ਤਲਵੰਡੀ ਸਾਬੋ।

ਰਿਹਾਇਸ਼ - ਦਫ਼ਤਰ :- ਕੋਠੀ ਨੰ.: ੧, ਨਜ਼ਦੀਕ, ਮਾਤਾ ਸੁੰਦਰ ਕੌਰ ਜੀ, ਲੰਗਰ ਹਾਲ, ਤਲਵੰਡੀ ਸਾਬੋ, ਜਿਲਾ ਬਠਿੰਡਾ (ਪੰਜਾਬ)
ਮੋ :- 098140-21013, 098140-20313
E-mail : singhsahibarif@gmail.com http://www.singhsahibarif.com